# ਲੱਕ ਤੋੜ ਮਹਿੰਗਾਈ ਅਤੇ ਬੇਹਿਸਾਬ ਬਿਜਲੀ ਕਟੌਤੀ  ਖਿਲਾਫ਼ ਧਰਨਾ ਲਾਇਆ

ਨੌਜਵਾਨ ਭਾਰਤ ਸਭਾ, ਕਾਰਖਾਨਾ ਮਜ਼ਦੂਰ ਯੂਨੀਅਨ ਲੁਧਿਆਣਾ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ, ਡੈਮੋਕ੍ਰੇਟਿਕ ਇੰਪਲਾਈਜ ਫਰੰਟ, ਇਨਕਲਾਬੀ ਕੇਂਦਰ ਪੰਜਾਬ ਅਤੇ ਲੋਕ ਮੋਰਚਾ ਪੰਜਾਬ ਦੁਆਰਾ ਅਨਾਜ ਪਦਾਰਥਾਂ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਅਤੇ ਬੇਹਿਸਾਬ ਬਿਜਲੀ ਕਟੌਤੀ ਖਿਲਾਫ਼ 2 ਸਤੰਬਰ ਨੂੰ ਲੁਧਿਆਣਾ ਦੇ ਡੀ. ਸੀ. ਦਫ਼ਤਰ ਸਾਹਮਣੇ ਜ਼ੋਰਦਾਰ ਮੁਜਾਹਰਾ ਕੀਤਾ ਅਤੇ ਤਿੰਨ ਘੰਟੇ ਤੱਕ ਧਰਨਾ ਲਾਇਆ। ਸਰਕਾਰ ਤੋਂ ਮੰਗ ਕੀਤੀ ਗਈ ਕਿ ਅਨਾਜ ਦੀਆਂ ਕੀਮਤਾਂ ਘੱਟ ਕਰਨ ਲਈ ਫੌਰੀ ਤੌਰ ’ਤੇ ਕਦਮ ਚੁੱਕੇ ਜਾਣ, ਸਰਕਾਰ ਵਲੋਂ ਸਾਰੇ ਗਰੀਬਾਂ ਨੂੰ ਸਸਤੇ ਭਾਅ ’ਤੇ ਅਨਾਜ ਮੁਹੱਈਆ ਕਰਵਾਇਆ ਜਾਵੇ, ਬਿਜਲੀ ਦੀ ਬੇਹਿਸਾਬ ਕਟੌਤੀ ਬੰਦ ਕੀਤੀ ਜਾਵੇ, ਬਿਜਲੀ ਦੀ ਪੂਰਤੀ ਲਈ ਪੁਖ਼ਤਾ ਇੰਤਜ਼ਾਮ ਕੀਤੇ ਜਾਣ। ਧਰਨੇ-ਮੁਜਾਹਰੇ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਸਨਅਤੀ ਮਜ਼ਦੂਰਾਂ ਸਮੇਤ ਨੌਜਵਾਨਾਂ, ਅਧਿਆਪਕਾਂ ਅਤੇ ਹੋਰਨਾਂ ਸਰਕਾਰੀ ਮੁਲਾਜਮਾਂ ਨੇ ਰੋਹ ਭਰਪੂਰ ਨਾਅਰੇ ਲਾਉਂਦੇ ਹੋਏ ਲੱਕ ਤੋੜ ਮਹਿੰਗਾਈ ਅਤੇ ਬਿਜਲੀ ਦੀ ਭਾਰੀ ਕਿੱਲਤ ਲਈ ਜ਼ਿੰਮੇਵਾਰ ਮੁਨਾਫ਼ਾਖੋਰਾਂ ਅਤੇ ਸਰਕਾਰ ਦੇ ਨਾਪਾਕ ਗਠਜੋੜ ਖਿਲਾਫ਼ ਅਵਾਜ਼ ਬੁਲੰਦ ਕੀਤੀ। “ਮੁਨਾਫ਼ਾਖੋਰਾਂ ਅਤੇ ਸਰਕਾਰ ਦਾ ਨਾਪਾਕ ਗਠਜੋੜ ਮੁਰਦਾਬਾਦ!”, “ਕਿਰਤੀਆਂ ਦਾ ਏਕਾ ਜਿੰਦਾਬਾਦ”, “ਲੱਕਤੋੜ ਮਹਿੰਗਾਈ ਦਾ ਕੌਣ ਹੈ ਜੁੰਮੇਵਾਰ, ਮੁਨਾਫ਼ਾਖੋਰ ਲੁਟੇਰੇ ਅਤੇ ਇਹ ਸਰਕਾਰ”, “ਖਤਮ ਕਰੋ ਪੂੰਜੀ ਦਾ ਰਾਜ, ਲੜੋ ਬਣਾਓ ਲੋਕ ਸਵਰਾਜ”, ਆਦਿ ਅਸਮਾਨ ਚੀਰਵੇਂ ਨਾਅਰਿਆਂ ਦੀ ਅਵਾਜ਼ ਨਾਲ਼ ਸਾਰਾ ਮਿਨੀ ਸਕੱਤਰ  ਗੂੰਜ ਉੱਠਿਆ।

ਨੌਜਵਾਨ ਭਾਰਤ ਸਭਾ, ਪੰਜਾਬ ਦੇ ਸੰਚਾਲਕ ਪਰਮਿੰਦਰ ਨੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਮਹਿੰਗਾਈ ਅਤੇ ਬਿਜਲੀ ਦੀ ਕਮੀ ਦੇ ਕਾਰਨ ਕੁਦਰਤੀ ਨਹੀਂ ਹਨ ਜਿਵੇਂ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਬਕਵਾਸ ਕਰ ਰਹੀਆਂ ਹਨ। ਅਸਲ ’ਚ ਇਹ ਤਾਂ ਮੁਨਾਫ਼ਾਖੋਰੀ ਦਾ ਨਤੀਜਾ ਹਨ ਅਤੇ ਪੂੰਜੀਵਾਦੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਨਤੀਜਾ ਹਨ। ਪੂੰਜੀਵਾਦੀ ਸਰਕਾਰ ਲੋਕਾਂ ਦੀ ਢਿੱਡ ਦੀ ਭੁੱਖ ਤੱਕ ਮਿਟਾਉਣ ਨੂੰ ਤਿਆਰ ਨਹੀਂ ਤਾਂ ਅਜਿਹੇ ਵਿੱਚ ਅਸਾਨੀ ਨਾਲ਼ ਸਮਝਿਆ ਜਾ ਸਕਦਾ ਹੈ ਕਿ ਸਰਕਾਰ ਲੋਕਾਂ ਦੇ ਫਾਇਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਜਲੀ ਦੀ ਪੂਰਤੀ ਲਈ ਕਿੱਥੋਂ ਤੱਕ ਕੋਈ ਕਦਮ ਪੁੱਟੇਗੀ। ਉਹਨਾਂ ਨੇ ਕਿਹਾ ਕਿ ਕਹਿਣ ਨੂੰ ਤਾਂ 1947 ਵਿੱਚ ਦੇਸ਼ ਅਜ਼ਾਦ ਹੋ ਗਿਆ ਪਰ ਇਹ ਇੱਕ ਕੋਰਾ ਝੂਠ ਹੈ। ਗੈਰਬਰਾਬਰੀ, ਗਰੀਬੀ, ਭੁੱਖ-ਪਿਆਸ, ਬੇਰੁਜ਼ਗਾਰੀ, ਨਾਮਾਤਰ ਦੀਆਂ ਸਿਹਤ ਸੁਵਿਧਾਵਾਂ, ਅਨਪੜ੍ਹਤਾ— ਬਸ ਇਹੋ ਦਿੱਤਾ ਹੈ ਇਸ ਅਜ਼ਾਦੀ ਨੇ। ਇਸ ਲਈ ਲੋਕਾਂ ਦੀ ਅਜ਼ਾਦੀ ਅਜੇ ਆਉਣੀ ਬਾਕੀ ਹੈ। ਉਹਨਾਂ ਕਿਹਾ ਕਿ ਜਦੋਂ ਜਦੋਂ ਵੀ ਕਿਰਤੀ ਲੋਕਾਂ ਦੇ ਸੰਘਰਸ਼ਾਂ ਦਾ ਤੂਫਾਨ

ਉੱਠਿਆ ਹੈ ਨੌਜਵਾਨ ਉਹਨਾਂ ਦੀਆਂ ਮੂਹਰਲੀਆਂ ਸਫ਼ਾ ਵਿੱਚ ਲੜੇ ਹਨ ਅਤੇ ਆਉਣ ਵਾਲ਼ਾ ਸਮਾਂ ਵੀ ਇਸੇ ਗੱਲ ਦੀ ਗਵਾਹੀ ਭਰੇਗਾ।

ਕਾਰਖਾਨਾ ਮਜ਼ਦੂਰ ਯੂਨਿਅਨ ਲੁਧਿਆਣਾ ਦੇ ਸੰਚਾਲਕ ਰਾਜਵਿੰਦਰ ਨੇ ਧਰਨੇ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਦੇਸ਼ ਦੀਆਂ ਸਰਕਾਰਾਂ ਨੂੰ ਗਰੀਬਾਂ ਦੀ ਕੋਈ ਫ਼ਿਕਰ ਨਹੀਂ ਹੈ। ਇਸ ਗੱਲ ਦਾ ਸਬੂਤ ਇਹ ਹੈ ਕਿ ਇੱਕ ਪਾਸੇ ਤਾਂ ਸਰਕਾਰੀ ਗੋਦਾਮਾਂ ਵਿੱਚ ਅਨਾਜ ਸੜ ਰਿਹਾ ਹੈ ਦੂਜੇ ਪਾਸੇ ਲੋਕ ਭੁੱਖ ਨਾਲ਼ ਤੜਫ਼ ਰਹੇ ਹਨ। ਦੇਸ਼ ਦੇ ਵੱਡੇ ਵੱਡੇ ਵਪਾਰੀਆਂ ਨੇ ਕਰੋੜਾਂ ਟਨ ਅਨਾਜ ਜਮ੍ਹਾ ਕਰਕੇ ਰੱਖਿਆ ਹੋਇਆ ਹੈ, ਉਹ ਮਨਮਰਜ਼ੀ ਦੀਆਂ ਕੀਮਤਾਂ ਤੈਅ ਕਰ ਰਹੇ ਹਨ, ਮਹਿੰਗਾਈ ਵਧਾ ਰਹੇ ਹਨ। ਪਰ ਸਰਕਾਰ ਇਸ ਮੁਨਾਫ਼ਾਖੋਰੀ ਅਤੇ ਕਾਲ਼ਾਬਜ਼ਾਰੀ ਨੂੰ ਰੋਕਣ ਲਈ ਦਿਖਾਵੇ ਤੋਂ ਅੱਗੇ ਵਧ ਕੇ ਲੋੜੀਂਦੇ ਕਦਮ ਚੁੱਕਣ ਲਈ ਤਿਆਰ ਨਹੀਂ। ਉਹਨਾਂ ਨੇ ਜ਼ੋਰ  ਦੇ ਕੇ ਕਿਹਾ ਕਿ ਇਹ ਗੱਲ ਸਾਫ਼ ਹੋ ਚੁੱਕੀ ਹੈ ਕਿ ਦੇਸ਼ ਦੀਆਂ ਸਰਕਾਰਾਂ ਤੋਂ ਹੁਣ ਗਰੀਬ ਕਿਰਤੀਆਂ ਨੂੰ ਕੋਈ ਆਸ ਨਹੀਂ ਰੱਖਣੀ ਚਾਹੀਦੀ ਸਗੋਂ ਆਪਣੇ ਹੱਕ ਆਪ ਲੈਣ ਲਈ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦਾ ਰਾਹ ਹੀ ਗਰੀਬਾਂ ਦੀ ਹਾਲਤ ਵਿੱਚ ਕੋਈ ਬੁਨਿਆਦੀ ਬਦਲਾਅ ਲਿਆ ਸਕਦਾ ਹੈ।

ਇਹਨਾਂ ਤੋਂ ਇਲਾਵਾ ਮੋਲਡਰ ਐਂਡ ਸਟੀਲ ਵਰਕਜ਼ ਯੂਨੀਅਨ ਦੇ ਆਗੂ ਵਿਜੇ ਨਾਰਾਇਣ, ਡੀ.ਟੀ.ਐਫ਼. ਦੇ ਆਗੂ ਟੇਕ ਚੰਦ ਕਾਲੀਆ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮਾਸਟਰ ਭਜਨ ਸਿੰਘ, ਡੀ.ਈ.ਐਫ. ਦੇ ਆਗੂ ਰਮਨਜੀਤ ਸੰਧੂ, ਲੋਕ ਮੋਰਚਾ ਪੰਜਾਬ ਦੇ ਆਗੂ ਕਸਤੂਰੀ ਲਾਲ ਆਦਿ ਨੇ ਧਰਨੇ ਨੂੰ ਸੰਬੋਧਿਤ ਕੀਤਾ।

ਸਾਰੇ ਬੁਲਾਰਿਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮਹਿੰਗਾਈ ਅਤੇ ਬਿਜਲੀ ਕਟੌਤੀ ਤੋਂ ਰਾਹਤ ਦਿਲਾਉਣ ਲਈ ਜਲਦੀ ਕਦਮ ਨਾ ਚੁੱਕੇ ਤਾਂ ਗਰੀਬਾਂ ਦੇ ਦਿਲਾਂ ਅੰਦਰ ਸੁਲਗ ਰਹੀ ਗੁੱਸੇ ਦੀ ਚਿੰਗਾਰੀ ਦੇ ਭਾਂਬੜ ਦਾ ਰੂਪ ਲੈਣ ਲੱਗੇ ਦੇਰ ਨਹੀਂ ਲੱਗੇਗੀ।